Washington State Office of the Attorney General

# "ਬਲ ਦੀ ਵਰਤੋਂ" ਦੀ ਰਿਪੋਰਟਿੰਗ, ਜਾਂਚ ਅਤੇ ਸਮੀਖਿਆ ਸਭ ਤੋਂ ਵਧੀਆ ਅਭਿਆਸ

1 ਜੁਲਾਈ, 2022

# "ਬਲ ਦੀ ਵਰਤੋਂ" ਦੀ ਰਿਪੋਰਟਿੰਗ, ਜਾਂਚ ਅਤੇ ਸਮੀਖਿਆ ਲਈ ਸਭ ਤੋਂ ਵਧੀਆ ਅਭਿਆਸ

**<u>ਮੁੱਖ ਸਿਧਾਂਤ</u>: ਜਨਤਾ ਪ੍ਰਤੀ ਜਵਾਬਦੇਹ ਹੋਣ ਅਤੇ ਏਜੰਸੀ ਦੀ ਨੀਤੀ ਦੇ ਵਿਕਾਸ ਅਤੇ ਟ੍ਰੇਨਿੰਗ ਦੀਆਂ ਲੋੜਾਂ ਦਾ ਮੁਲਾਂਕਣ ਕਰਨ ਲਈ, ਸਰੀਰਕ ਬਲ ਅਤੇ ਘਾਤਕ ਬਲ ਦੀ ਹਰ ਵਰਤੋਂ ਦੇ ਨਾਲ-ਨਾਲ ਕਿਸੇ ਵਿਅਕਤੀ 'ਤੇ ਬੰਦੂਕ ਤੈਨਾਤ ਕਰਨ ਦੀਆਂ ਘਟਨਾਵਾਂ ਦੀ ਅੰਦਰੂਨੀ ਤੌਰ 'ਤੇ ਰਿਪੋਰਟ ਕੀਤੀ ਜਾਵੇਗੀ ਅਤੇ ਕਮਾਂਡ ਸਟਾਫ ਤੋਂ ਅਰਥਪੂਰਨ ਸਮੀਖਿਆ ਪ੍ਰਾਪਤ ਕੀਤੀ ਜਾਵੇਗੀ।**

**ਏਜੰਸੀਆਂ ਦੀ ਇਹ ਡਿਊਟੀ ਵੀ ਹੈ ਕਿ ਉਹ ਬਲ ਦੀ ਵਰਤੋਂ ਦੀਆਂ ਕੁਝ ਖਾਸ ਸਥਿਤੀਆਂ ਦੀ ਰਿਪੋਰਟ ਸਟੇਟਵਾਈਡ ਯੂਜ਼ ਆਫ਼ ਫੋਰਸ ਡੇਟਾ ਕਲੈਕਸ਼ਨ ਪ੍ਰੋਗਰਾਮ ਨੂੰ ਕਰਨ (ਰਿਪੋਰਟ ਕਰਨ ਦੀਆਂ ਸ਼ਰਤਾਂ ਬਾਰੇ Revised Code of Washington (RCW, ਵਾਸ਼ਿੰਗਟਨ ਦਾ ਸੋਧਿਆ ਕਾਨੂੰਨ) 10.118.030 ਦੇਖੋ)।**

# ਬਲ ਦੀ ਵਰਤੋਂ ਦੀ ਰਿਪੋਰਟ ਕਰਨਾ

(1) ਕਿਸੇ ਵੀ ਤਰ੍ਹਾਂ ਦੇ ਸਰੀਰਕ ਜਾਂ ਘਾਤਕ ਬਲ ਦੀ ਵਰਤੋਂ ਕਰਨ ਤੋਂ ਬਾਅਦ ਅਫ਼ਸਰ ਆਪਣੇ ਸੁਪਰਵਾਈਜ਼ਰਾਂ ਨੂੰ ਤੁਰੰਤ ਇਸ ਬਾਰੇ ਸੂਚਿਤ ਕਰਨਗੇ। ਇਹ ਡਿਊਟੀ ਉਸ ਅਫ਼ਸਰ ਦੀ ਹੁੰਦੀ ਹੈ ਜਿਸ ਨੇ ਬਲ ਦੀ ਵਰਤੋਂ ਕੀਤੀ ਸੀ। ਉਹ ਅਫ਼ਸਰ ਜਿਹਨਾਂ ਨੇ ਬਲ ਦੀ ਵਰਤੋਂ ਹੁੰਦੇ ਹੋਏ ਦੇਖੀ ਹੈ, ਉਹ ਵੀ ਇਹ ਯਕੀਨੀ ਬਣਾਉਣਗੇ ਕਿ ਸੁਪਰਵਾਈਜ਼ਰ ਨੂੰ ਬਲ ਦੀ ਵਰਤੋਂ ਬਾਰੇ ਰਿਪੋਰਟ ਦਿੱਤੀ ਗਈ ਹੈ। ਬਲ ਦੀ ਵਰਤੋਂ ਹੋਣ ਤੋਂ ਬਾਅਦ ਸੁਪਰਵਾਈਜ਼ਰ ਨੂੰ ਸੂਚਿਤ ਕਰਨ ਦੇ ਫਰਜ਼ ਵਿੱਚ, ਜਿਸ ਵਿਅਕਤੀ ਉੱਤੇ ਬਲ ਦੀ ਵਰਤੋਂ ਹੋਈ ਹੈ ਉਸ ਵਿਅਕਤੀ ਦੁਆਰਾ ਜਾਂ ਹੋਰਾਂ ਦੁਆਰਾ ਗੈਰ-ਵਾਜਬ ਜਾਂ ਬਹੁਤ ਜ਼ਿਆਦਾ ਬਲ ਦੀ ਸ਼ਿਕਾਇਤ ਜਾਂ ਦੋਸ਼ ਵੀ ਸ਼ਾਮਲ ਹੁੰਦਾ ਹੈ।

(2) ਘਾਤਕ ਬਲ ਦੀ ਵਰਤੋਂ ਨੂੰ ਛੱਡ ਕੇ, ਜਿੱਥੇ ਏਜੰਸੀਆਂ ਦੇ ਕੋਲ ਘਾਤਕ ਬਲ ਦੀਆਂ ਘਟਨਾਵਾਂ ਲਈ ਰਿਪੋਰਟ-ਲਿਖਣ ਲਈ ਖਾਸ ਪ੍ਰੋਟੋਕੋਲ ਹੋ ਸਕਦੇ ਹਨ, ਉਹ ਅਫ਼ਸਰ ਜੋ ਸਰੀਰਕ ਬਲ ਦੀ ਵਰਤੋਂ ਕਰਦੇ ਹਨ ਜਾਂ ਉਸ ਥਾਂ 'ਤੇ ਮੌਜੂਦ ਹੁੰਦੇ ਹਨ ਜਿੱਥੇ ਸਰੀਰਕ ਬਲ ਵਰਤਿਆ ਗਿਆ ਹੈ, ਉਹ ਸ਼ਿਫਟ ਸਮਾਪਤ ਹੋਣ ਤੋਂ ਪਹਿਲਾਂ ਬਲ ਦੀ ਵਰਤੋਂ ਦੀ ਰਿਪੋਰਟ ਜਮ੍ਹਾਂ ਕਰਨਗੇ, ਜਦੋਂ ਤੱਕ ਕਿ ਅਫ਼ਸਰ ਨੂੰ ਸੱਟ ਲੱਗਣ ਵਰਗੇ ਕਿਸੇ ਕਾਰਨ ਕਰਕੇ ਇਸ ਕੰਮ ਵਿੱਚ ਦੇਰੀ ਨਹੀਂ ਹੁੰਦੀ। "ਬਲ ਦੀ ਵਰਤੋਂ" ਦੀ ਰਿਪੋਰਟ ਕਰਨ ਵਿੱਚ ਦੇਰੀ ਦਾ ਕਾਰਨ ਬਣਨ ਵਾਲੀਆਂ ਸਥਿਤੀਆਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ।

   (a) ਕਿਸੇ ਵਿਅਕਤੀ ਵੱਲ ਬੰਦੂਕ ਤੈਨਾਤ ਕਰਨਾ ਬਲ ਦੀ ਇੱਕ ਰਿਪੋਰਟ ਕਰਨਯੋਗ ਵਰਤੋਂ ਹੈ।

   (b) ਆਗਿਆ ਪਾਲਣ ਲਈ ਹੱਥਕੜੀ ਪਹਿਨਾਉਣਾ ਰਿਪੋਰਟ ਕਰਨਯੋਗ ਨਹੀਂ ਹੈ; ਪਰ, ਜੇਕਰ ਹੱਥਕੜੀ ਲਗਾਉਣ ਨਾਲ ਦਰਦ ਹੁੰਦਾ ਹੈ, ਅਤੇ ਹੱਥਕੜੀ ਨਾਲ ਜਾਂ ਹੱਥਕੜੀ ਪਹਿਨਾਉਣਾ ਦੇ ਕਾਰਨ ਘਬਰਾਹਟ, ਜ਼ਖਮ, ਸੱਟ, ਜਾਂ ਹੋਰ ਸੱਟਾਂ ਲਗਦੀਆਂ ਹਨ ਤਾਂ ਅਫ਼ਸਰਾਂ ਨੂੰ ਇਹ ਗੱਲ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨੀ ਚਾਹੀਦੀ ਹੈ।

(3) ਰਿਪੋਰਟ ਦੀ ਸਮੱਗਰੀ

ਅਫ਼ਸਰ ਸਰੀਰਕ ਜਾਂ ਘਾਤਕ ਬਲ ਦੀ ਵਰਤੋਂ ਕਰਨ ਅਤੇ ਕਿਸੇ ਬਲ ਦੇ ਕਿਸੇ ਵਿਸ਼ੇਸ਼ ਸਾਧਨ ਜਾਂ ਰਣਨੀਤੀ ਨੂੰ ਵਰਤਣ ਦੇ ਆਪਣੇ ਫ਼ੈਸਲੇ ਦੀ ਵਿਆਖਿਆ ਕਰਨ ਲਈ ਖਾਸ ਤੱਥ ਪ੍ਰਦਾਨ ਕਰਨਗੇ। ਰਿਪੋਰਟਾਂ ਵਰਣਨਯੋਗ ਹੋਣੀਆਂ ਚਾਹੀਦੀਆਂ ਹਨ, ਜਿਸ ਵਿੱਚ ਘਟਨਾ ਦੇ ਵੇਰਵਿਆਂ ਦੀ ਵਿਆਖਿਆ ਹੋਣੀ ਚਾਹੀਦੀ ਹੈ ਅਤੇ ਦੇਖੇ ਗਏ ਵਿਵਹਾਰ ਲਈ ਸਧਾਰਨ ਜਾਂ ਅਸਪਸ਼ਟ ਵਾਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਜਿਵੇਂ ਕਿ "ਲੁਕ-ਛੁਪ ਕੇ ਹਰਕਤ ਕੀਤੀ ਗਈ" ਜਾਂ "ਲੜਨ ਦਾ ਰੁਖ ਅਪਣਾਇਆ"।

"ਬਲ ਦੀ ਵਰਤੋਂ" ਦੀਆਂ ਰਿਪੋਰਟਾਂ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

   (a) ਘਟਨਾ ਦਾ ਸਾਰ ਜੋ ਉਸ ਕਾਰਨ ਦੀ ਵਿਆਖਿਆ ਕਰਦਾ ਹੈ ਕਿ ਅਫ਼ਸਰ ਅਤੇ ਵਿਅਕਤੀ ਦੇ ਵਿਚਕਾਰ ਝੜਪ ਦੀ ਸ਼ੁਰੂਆਤ ਕਿਉਂ ਹੋਈ ਸੀ ਜਿਸ ਤੋਂ ਬਾਅਦ 'ਤੇ ਬਲ ਦੀ ਵਰਤੋਂ ਕੀਤੀ ਗਈ ਸੀ, ਉਸ ਵਿਅਕਤੀ ਅਤੇ ਅਫ਼ਸਰ ਦੀਆਂ ਕਾਰਵਾਈਆਂ ਜੋ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਅਤੇ ਉਸ ਦੌਰਾਨ ਕੀਤੀਆਂ ਗਈਆਂ ਸਨ, ਅਤੇ ਵਰਤੇ ਗਏ ਬਲ ਦੀ ਖਾਸ ਕਿਸਮ ਅਤੇ ਮਾਤਰਾ;

   (b) ਸਥਿਤੀ ਨੂੰ ਸ਼ਾਂਤ ਕਰਨ ਲਈ ਵਰਤੇ ਗਏ ਜਾਂ ਕੀਤੇ ਗਏ ਯਤਨ, ਜਾਂ ਸਥਿਤੀ ਨੂੰ ਸ਼ਾਂਤ ਕਰਨ ਲਈ ਯਤਨ ਕਿਉਂ ਨਹੀਂ ਕੀਤੇ ਗਏ;

   (c) ਹਰ ਵਾਰ ਬਲ ਦੀ ਵਰਤੋਂ ਕਰਨ ਦਾ ਕਾਰਨ ਅਤੇ ਬਲ ਦੀ ਕਿਸਮ, ਇਸ ਵਿੱਚ ਇਹ ਨਿਮਨਲਿਖਤ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ, ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹੈ: ਅਫ਼ਸਰ ਜਾਂ ਕਿਸੇ ਹੋਰ ਵਿਅਕਤੀ ਲਈ ਮੌਜੂਦ ਖਤਰਾ ਜਾਂ ਇਹ ਯਕੀਨ ਹੋਣਾ ਕਿ ਜਿਸ ਵਿਅਕਤੀ ਉੱਤੇ ਸਰੀਰਕ ਬਲ ਦੀ ਵਰਤੋਂ ਹੋ ਰਹੀ ਹੈ, ਉਸ ਕੋਲ ਕੋਈ ਹਥਿਆਰ ਹੈ;

   (d) ਕੀ ਕੋਈ ਹੋਰ ਬਲ ਜਾਂ ਗੈਰ-ਬਲ ਵਾਲੇ ਰਣਨੀਤਕ ਵਿਕਲਪ ਉਪਲਬਧ ਸਨ;

   (e) ਉਹ ਤਰੀਕਾ ਜਿਸ ਨਾਲ ਅਫ਼ਸਰਾਂ ਨੇ ਆਪਣੀ ਪਛਾਣ ਜ਼ਾਹਰ ਕੀਤੀ ਸੀ;

   (f) ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਦਿੱਤੀ ਗਈ ਚੇਤਾਵਨੀ ਅਤੇ ਆਗਿਆ ਦੀ ਪਾਲਣਾ ਕਰਨ ਲਈ ਦਿੱਤਾ ਗਿਆ ਸਮਾਂ, ਜਾਂ ਜੇ ਕੋਈ ਚੇਤਾਵਨੀ ਜਾਂ ਸਮਾਂ ਨਹੀਂ ਦਿੱਤਾ ਗਿਆ ਤਾਂ ਉਸਦਾ ਕਾਰਨ;

   (g) ਘਟਨਾ ਵਿੱਚ ਸ਼ਾਮਲ ਅਤੇ ਗਵਾਹ ਅਫ਼ਸਰਾਂ ਦੇ ਨਾਮ ਅਤੇ ਏਜੰਸੀਆਂ;

(h) ਨਾਗਰਿਕ ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ;
(i) ਘਟਨਾ ਦੇ ਸਮੇਂ ਅਫ਼ਸਰ ਦੀ ਸਥਿਤੀ (ਜਿਵੇਂ: ਵਰਦੀ ਜਾਂ ਸਾਦੇ ਕੱਪੜੇ, ਨਿਸ਼ਾਨਬੱਧ ਜਾਂ ਨਿਸ਼ਾਨ ਰਹਿਤ ਵਾਹਨ, ਇਕੱਲੇ ਜਾਂ ਕਿਸੇ ਹੋਰ ਅਫ਼ਸਰਾਂ ਦੇ ਨਾਲ);
(j) ਉਸ ਵਿਅਕਤੀ ਬਾਰੇ ਜਾਣਕਾਰੀ ਜਿਸ ਉੱਤੇ ਬਲ ਦੀ ਵਰਤੋਂ ਹੋਈ ਸੀ, ਇਸ ਵਿੱਚ ਨਾਮ, ਉਮਰ, ਲਿੰਗ, ਜਾਤੀ ਅਤੇ ਨਸਲ ਸ਼ਾਮਲ ਹੈ, ਜੇਕਰ ਪਤਾ ਹੋਵੇ;
(k) ਉਸ ਵਿਅਕਤੀ ਦਾ ਆਕਾਰ ਅਤੇ ਕੱਦ ਕਾਠੀ ਜਿਸ 'ਤੇ ਅਫ਼ਸਰ ਵੱਲੋਂ ਬਲ ਦੀ ਵਰਤੋਂ ਕੀਤੀ ਗਈ ਸੀ;
(l) ਇਸ ਗੱਲ ਦਾ ਕੋਈ ਸਬੂਤ ਹੈ ਕਿ ਜਿਸ ਵਿਅਕਤੀ ਉੱਤੇ ਬਲ ਦੀ ਵਰਤੋਂ ਕੀਤੀ ਗਈ ਸੀ, ਉਹ ਵਿਵਹਾਰਕ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਸੀ;
(m) ਉਸ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਅਤੇ ਸਥਿਤੀ ਬਾਰੇ ਹੋਰ ਜਾਣਕਾਰੀ ਜਿਸ ਉੱਤੇ ਬਲ ਦੀ ਵਰਤੋਂ ਕੀਤੀ ਗਈ ਸੀ, ਜਿਸ ਵਿੱਚ ਇਹ ਸ਼ਾਮਲ ਹੈ ਕਿ ਉਹ ਗਰਭਵਤੀ, ਨਾਬਾਲਗ, ਜਾਂ ਕਮਜ਼ੋਰ ਜਾਪ ਰਹੇ ਸਨ; ਕਿਸੇ ਵਿਕਾਰ ਜਾਂ ਅਪਾਹਜਤਾ ਦੇ ਸ਼ਿਕਾਰ ਸਨ; ਉਹਨਾਂ ਨੂੰ ਅੰਗਰੇਜ਼ੀ ਭਾਸ਼ਾ ਦਾ ਸੀਮਿਤ ਗਿਆਨ ਸੀ; ਜਾਂ ਉਹ ਬੱਚਿਆਂ ਦੀ ਮੌਜੂਦਗੀ ਵਿੱਚ ਸਨ;
(n) ਜਦੋਂ ਲਾਗੂ ਹੋਵੇ, ਹਿਰਾਸਤ ਵਿੱਚ ਲੈਣ, ਗ੍ਰਿਫਤਾਰੀ ਕਰਨ ਜਾਂ ਕਾਨੂੰਨੀ ਕਾਰਵਾਈ ਦਾ ਸਮਰਥਨ ਕਰਨ ਵਾਲੇ ਤੱਥ;
(o) ਕੀ ਬੈਕਅੱਪ ਜਾਂ ਹੋਰ ਸਰੋਤਾਂ ਲਈ ਬੇਨਤੀ ਕੀਤੀ ਗਈ ਸੀ ਅਤੇ ਜੇਕਰ ਕੀਤੀ ਗਈ ਸੀ ਤਾਂ ਉਹ ਕਦੋਂ ਆਇਆ ਸੀ;
(p) ਅਫ਼ਸਰ ਨੂੰ, ਜਿਸ ਵਿਅਕਤੀ 'ਤੇ ਸਰੀਰਕ ਬਲ ਵਰਤਿਆ ਗਿਆ ਸੀ, ਉਸ ਨੂੰ ਜਾਂ ਗਵਾਹਾਂ ਨੂੰ ਲੱਗੀਆਂ ਸੱਟਾਂ ਜਾਂ ਸੱਟਾਂ ਦੀਆਂ ਸ਼ਿਕਾਇਤਾਂ ਦਾ ਵੇਰਵਾ;
(q) ਘਟਨਾ ਸਥਾਨ 'ਤੇ ਪ੍ਰਦਾਨ ਕੀਤੀ ਗਈ ਫਸਟ ਏਡ ਅਤੇ ਡਾਕਟਰੀ ਸਹਾਇਤਾ, ਜੇਕਰ ਅਫ਼ਸਰ ਨੂੰ ਇਸ ਬਾਰੇ ਪਤਾ ਹੈ; ਅਤੇ
(r) ਸੁਪਰਵਾਈਜ਼ਰ ਨੂੰ ਦਿੱਤੀ ਸੂਚਨਾ ਅਤੇ ਕੀ ਸੁਪਰਵਾਈਜ਼ਰ ਘਟਨਾ ਸਥਾਨ 'ਤੇ ਆਇਆ ਸੀ ਜਾਂ ਕੀ ਘਟਨਾ ਤੋਂ ਪਹਿਲਾਂ ਜਾਂ ਦੌਰਾਨ ਉਹਨਾਂ ਕੋਲੋਂ ਸਲਾਹ ਲਈ ਗਈ ਸੀ।

(4) Electronic Control Weapon (ECW, ਇਲੈਕਟ੍ਰਾਨਿਕ ਕੰਟਰੋਲ ਵੈਪਨ) ਦੀ ਵਰਤੋਂ ਕਰਨ ਵਾਲੇ ਅਫ਼ਸਰ ਨਿਮਨਲਿਖਤ ਜਾਣਕਾਰੀ ਵੀ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨਗੇ:
(a) ECW ਨਿਰਮਾਤਾ ਦਾ ਨਾਮ, ਮਾਡਲ, ਸੀਰੀਅਲ ਨੰਬਰ;
(b) ECW ਨੂੰ ਕਿੰਨੀ ਵਾਰ ਅਤੇ ਕੁੱਲ ਕਿੰਨੇ ਸਮੇਂ ਲਈ ਚਲਾਇਆ ਗਿਆ ਸੀ;
(c) ਵਰਤੇ ਗਏ ਮੋਡ ਦੀ ਕਿਸਮ (ਅਸਾਧਾਰਨ ਹਾਲਾਤਾਂ ਵਿੱਚ ਪਰੋਬ ਜਾਂ ਡਰਾਈਵ ਸਟਨ);
(d) ਪਰੋਬ/ECW ਵਿਅਕਤੀ ਦੇ ਕਿਸ ਭਾਗ ਨੂੰ ਲੱਗੀ ਸੀ ਅਤੇ ਜੇਕਰ ਪਰੋਬ ਕਿਸੇ ਕੱਪੜੇ ਨਾਲ ਲੱਗੀ ਸੀ ਤਾਂ ਇਸ ਕੱਪੜੇ ਦੀ ਕਿਸਮ, ਅਤੇ;
(e) ਹਥਿਆਰਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ ਢੁੱਕਵੀਂ ਜਾਣਕਾਰੀ (ਜਿਵੇਂ ਕਿ, ਕੀ ਪਰੋਬ ਦਾ ਵਿਅਕਤੀ ਨਾਲ ਸੰਪਰਕ ਹੋਇਆ ਸੀ, ਜੇ ਨਹੀਂ ਹੋਇਆ, ਤਾਂ ਕਿਉਂ ਨਹੀਂ - ਉਦਾਹਰਨ ਲਈ, ਵਿਅਕਤੀ ਦੇ ਭਾਰੀ ਕੱਪੜਿਆਂ ਕਰਕੇ, ਵਿਅਕਤੀ ਬਹੁਤ ਦੂਰ ਹੋਣ ਕਰਕੇ, ਆਦਿ)।

(5) ਗਵਾਹ ਅਫ਼ਸਰ ਆਪਣੀ ਜਾਂਚ ਅਤੇ ਕਾਰਵਾਈਆਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਦੇ ਹੋਏ ਵਰਣਨ ਪ੍ਰਦਾਨ ਕਰਨਗੇ।

(6) ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸਟੇਟਵਾਈਡ ਯੂਜ਼ ਆਫ਼ ਫੋਰਸ ਡੇਟਾ ਕਲੈਕਸ਼ਨ ਪ੍ਰੋਗਰਾਮ ਨੂੰ ਸਰੀਰਕ ਅਤੇ ਘਾਤਕ ਬਲ ਦੀਆਂ ਘਟਨਾਵਾਂ ਬਾਰੇ ਲੋੜੀਂਦਾ ਡਾਟਾ ਪ੍ਰਦਾਨ ਕਰਨਗੀਆਂ। (RCW 10.118.030).

## ਬਲ ਦੀ ਵਰਤੋਂ ਦੀ ਜਾਂਚ ਅਤੇ ਸਮੀਖਿਆ ਕਰਨਾ

(1) ਜਿਹੜੀਆਂ ਘਟਨਾਵਾਂ ਵਿੱਚ ਕਿਸੇ ਦੀ ਮੌਤ, ਗੰਭੀਰ ਸਰੀਰਕ ਹਾਨੀ ਜਾਂ ਬਹੁਤ ਜ਼ਿਆਦਾ ਸਰੀਰਕ ਨੁਕਸਾਨ ਪਹੁੰਚਦਾ ਹੈ, ਤਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਡਾਇਰੈਕਟਰ ਦੁਆਰਾ ਸਥਾਪਿਤ ਪ੍ਰਕਿਰਿਆਵਾਂ ਦੇ ਅਨੁਸਾਰ ਤੁਰੰਤ Office of Independent Investigations (ਸੁਤੰਤਰ ਜਾਂਚ ਦੇ ਦਫ਼ਤਰ) ਨਾਲ ਸੰਪਰਕ ਕਰਨਾ ਚਾਹੀਦਾ ਹੈ (RCW 43.102.120)।

(2) ਜਿਹੜੀਆਂ ਘਟਨਾਵਾਂ ਜਿਸ ਵਿੱਚ ਕਿਸੇ ਅਫ਼ਸਰ ਦੁਆਰਾ ਬਲ ਦੀ ਵਰਤੋਂ ਕਰਨ ਦੇ ਨਤੀਜੇ ਵਜੋਂ ਵਿਅਕਤੀ ਨੂੰ ਸੱਟ ਲੱਗ ਜਾਂਦੀ ਹੈ ਜਾਂ ਸੱਟ ਲੱਗਣ ਦੀ ਸ਼ਿਕਾਇਤ (ਥੋੜ੍ਹੇ ਸਮੇਂ ਦੀ ਬੇਅਰਾਮੀ ਨਹੀਂ) ਹੁੰਦੀ, ਹਸਪਤਾਲ ਵਿੱਚ ਭਰਤੀ ਕਰਨਾ ਪੈਂਦਾ ਹੈ, ਜਾਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਸੁਪਰਵਾਈਜ਼ਰ ਤੁਰੰਤ ਢੁੱਕਵੇਂ ਕਮਾਂਡ ਸਟਾਫ ਨੂੰ ਇਸ ਬਾਰੇ ਸੂਚਿਤ ਕਰਨਗੇ।

(3) ਇੱਕ ਸੁਪਰਵਾਈਜ਼ਰ ਜਿਸਨੇ ਸਰੀਰਕ ਬਲ ਦੀ ਵਰਤੋਂ ਕੀਤੀ ਹੈ ਜਾਂ ਸਰੀਰਕ ਬਲ ਦੀ ਵਰਤੋਂ ਦਾ ਗਵਾਹ ਹੈ, ਜਾਂ ਬਲ ਵਰਤਣ ਨਿਰਦੇਸ਼ ਜਾਂ ਆਦੇਸ਼ ਦਿੱਤੇ ਹੁੰਦੇ ਹਨ, ਉਹ ਘਟਨਾ ਲਈ ਜਾਂਚ ਜਾਂ ਸਮੀਖਿਆ ਕਰਨ ਵਾਲੇ ਸੁਪਰਵਾਈਜ਼ਰ ਦੇ ਕਾਰਜ ਅਤੇ ਜ਼ਿੰਮੇਵਾਰੀਆਂ ਨੂੰ ਨਹੀਂ ਨਿਭਾਏਗਾ। ਜਦੋਂ ਅਜਿਹੀ ਸਥਿਤੀ ਪੇਸ਼ ਆਉਂਦੀ ਹੈ, ਤਾਂ ਅਜਿਹੇ ਸੁਪਰਵਾਈਜ਼ਰ ਨੂੰ ਜਾਂਚ ਜਾਂ ਸਮੀਖਿਆ ਕਰਨ ਵਾਲੇ ਸੁਪਰਵਾਈਜ਼ਰ ਦੇ ਕੰਮ ਅਤੇ ਜ਼ਿੰਮੇਵਾਰੀਆਂ ਨਿਭਾਉਣ ਲਈ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ ਜੋ ਘਟਨਾ ਵਿੱਚ ਸ਼ਾਮਲ ਨਹੀਂ ਸੀ।

(4) ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ: ਜਾਂਚ

ਜਦੋਂ ਸਰੀਰਕ ਬਲ ਦੀ ਵਰਤੋਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਤਾਂ ਸੁਪਰਵਾਈਜ਼ਰ ਨੂੰ ਤੁਰੰਤ ਮੌਕੇ 'ਤੇ ਪਹੁੰਚਣਾ ਚਾਹੀਦਾ ਹੈ, ਜੇਕਰ ਉਹ ਇਸ ਲਈ ਉਪਲਬਧ ਹੈ, ਅਤੇ ਉਸਨੂੰ ਢੁੱਕਵੀਂ ਜਾਂਚ ਕਰਨੀ ਚਾਹੀਦੀ ਹੈ, ਸਿਵਾਏ ਉਦੋਂ ਜਦੋਂ ਸੁਪਰਵਾਈਜ਼ਰ ਨੂੰ ਘੱਟ ਪੱਧਰ ਦੇ ਸਰੀਰਕ ਬਲ ਦੀ ਵਰਤੋਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਹਾਲਾਂਕਿ ਘੱਟ ਪੱਧਰ ਦੇ ਸਰੀਰਕ ਬਲ ਨੂੰ ਵੀ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਅਤੇ ਉਸਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ, ਪਰ ਜਦੋਂ ਕਿਸੇ ਘਟਨਾ ਦੌਰਾਨ ਸਿਰਫ਼ ਘੱਟ ਪੱਧਰ ਦੇ ਸਰੀਰਕ ਬਲ ਦੀ ਵਰਤੋਂ ਕੀਤੀ ਗਈ ਹੁੰਦੀ ਹੈ ਤਾਂ ਸੁਪਰਵਾਈਜ਼ਰਾਂ ਨੂੰ ਜਾਂਚ ਕਰਨ ਲਈ ਮੌਕੇ 'ਤੇ ਪਹੁੰਚਣ ਦੀ ਜ਼ਰੂਰਤ ਨਹੀਂ ਹੁੰਦੀ।

ਘੱਟ ਪੱਧਰ ਦੇ ਸਰੀਰਕ ਬਲ ਤੋਂ ਵੱਧ ਸਰੀਰਕ ਬਲ ਦੀ ਵਰਤੋਂ ਲਈ, ਜੇਕਰ ਸੁਪਰਵਾਈਜ਼ਰ ਮੌਕੇ ਉੱਤੇ ਤੁਰੰਤ ਪਹੁੰਚਣ ਲਈ ਉਪਲਬਧ ਨਹੀਂ ਹੁੰਦਾ, ਤਾਂ ਉਸਨੂੰ ਇਸਦਾ ਕਾਰਨ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨਾ ਪਵੇਗਾ।

ਅਜਿਹੀਆਂ ਘਟਨਾਵਾਂ ਜਿਹਨਾਂ ਵਿੱਚ ਘਾਤਕ ਬਲ ਸ਼ਾਮਲ ਨਹੀਂ ਹੁੰਦਾ, ਉਹਨਾਂ ਲਈ ਸੁਪਰਵਾਈਜ਼ਰ ਹੇਠਾਂ ਦਿੱਤੇ ਕਦਮਾਂ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਹੈ:

(a) ਮੌਕੇ ਨੂੰ ਸੁਰੱਖਿਅਤ ਬਣਾਓ ਅਤੇ ਵਿਵਸਥਿਤ ਕਰੋ।

(b) ਇਹ ਯਕੀਨੀ ਬਣਾਓ ਕਿ ਸਾਰੀਆਂ ਜ਼ਖਮੀ ਲੋਕਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਮਿਲੇ।

(c) ਉਹਨਾਂ ਸਾਰੇ ਅਫ਼ਸਰਾਂ ਦੀ ਪਛਾਣ ਕਰੋ ਜੋ ਘਟਨਾ ਵਿੱਚ ਸ਼ਾਮਲ ਸਨ, ਘਟਨਾ ਦੇ ਗਵਾਹ ਸਨ ਜਾਂ ਘਟਨਾ ਦੇ ਵਾਪਰਣ ਦੌਰਾਨ ਮੌਕੇ 'ਤੇ ਮੌਜੂਦ ਸਨ। ਘਟਨਾ ਵਿੱਚ ਸ਼ਾਮਲ ਅਤੇ ਉਸਦੇ ਗਵਾਹ ਅਫ਼ਸਰਾਂ ਦੇ ਨਾਲ ਘਟਨਾ ਦੇ ਹਾਲਾਤਾਂ ਬਾਰੇ ਚਰਚਾ ਕਰੋ, ਅਤੇ ਯਕੀਨੀ ਬਣਾਓ ਕਿ ਉਹ ਆਪਣੀ ਸ਼ਿਫਟ ਸਮਾਪਤ ਹੋਣ ਤੋਂ ਪਹਿਲਾਂ ਆਪਣੀਆਂ ਰਿਪੋਰਟਾਂ ਨੂੰ ਪੂਰਾ ਲੈਣ, ਜਦੋਂ ਤੱਕ ਕਿ ਅਫ਼ਸਰ ਨੂੰ ਸੱਟ ਲੱਗਣ ਵਰਗੇ ਕਿਸੇ ਕਾਰਨ ਕਰਕੇ ਇਸ ਕੰਮ ਵਿੱਚ ਦੇਰੀ ਨਹੀਂ ਹੁੰਦੀ।

(d) ਸਰੀਰਕ ਬਲ ਦੀ ਵਰਤੋਂ ਦੇ ਸੰਬੰਧ ਵਿੱਚ ਉਸ ਵਿਅਕਤੀ ਦਾ ਇੰਟਰਵਿਊ ਲੈਣ ਦੀ ਕੋਸ਼ਿਸ਼ ਕਰੋ ਜਿਸ ਉੱਤੇ ਸਰੀਰਕ ਬਲ ਦੀ ਵਰਤੋਂ ਕੀਤੀ ਗਈ ਸੀ ਅਤੇ ਜੇਕਰ ਸੰਭਵ ਹੋਵੇ ਤਾਂ ਉਹਨਾਂ ਦੇ ਮਿਰਾਂਡਾ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਇੰਟਰਵਿਊ ਨੂੰ ਰਿਕਾਰਡ ਕਰੋ।

(e) ਨਾਗਰਿਕ ਗਵਾਹਾਂ ਦੀ ਪਛਾਣ ਕਰੋ। ਸੁਪਰਵਾਈਜ਼ਰ ਕਿਸੇ ਗਵਾਹ ਨੂੰ ਹਿਰਾਸਤ ਵਿੱਚ ਨਹੀਂ ਲੈਣਗੇ ਜਾਂ ਜੇ ਗਵਾਹ ਘਟਨਾ ਸਥਾਨ 'ਤੇ ਰਹਿਣ ਤੋਂ ਇਨਕਾਰ ਕਰਦਾ ਹੈ ਤਾਂ ਕੋਈ ਰੁਕਾਵਟ ਖੜ੍ਹੀ ਨਹੀਂ ਕਰਨਗੇ; ਹਾਲਾਂਕਿ, ਗਵਾਹ ਦਾ ਸਰੀਰਕ ਵੇਰਵਾ, ਸੰਪਰਕ ਜਾਣਕਾਰੀ, ਹੋਰ ਪਛਾਣਪੱਤਰ (ਉਦਾਹਰਨ ਲਈ, ਡ੍ਰਾਈਵਰ ਲਾਇਸੰਸ), ਜੇ ਉਪਲਬਧ ਹੈ, ਅਤੇ ਗਵਾਹ ਦੇ ਬਿਆਨਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕੀਤਾ ਜਾਵੇਗਾ।

(f) ਸੱਟਾਂ ਬਾਰੇ ਜਾਣਕਾਰੀ ਅਤੇ ਫਸਟ ਏਡ ਸਹਾਇਤਾ ਪ੍ਰਦਾਨ ਕਰਨ ਜਾਂ ਲੈਣ ਤੋਂ ਇਨਕਾਰ ਕਰਨ ਬਾਰੇ ਜਾਣਕਾਰੀ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰੋ।

(g) ਸਾਰੀਆਂ ਸੱਟਾਂ ਜਾਂ ਸੱਟਾਂ ਦੇ ਦਾਅਵਿਆਂ ਦੀ ਫ਼ੋਟੋ ਖਿੱਚੋ, ਇਸ ਵਿੱਚ, ਉਹ ਵਿਅਕਤੀ ਜਿਸ 'ਤੇ ਬਲ ਵਰਤਿਆ ਗਿਆ ਹੈ ਉਸ ਨੂੰ ਲੱਗੀਆਂ ਸੱਟਾਂ ਅਤੇ ਅਫ਼ਸਰਾਂ ਨੂੰ ਲੱਗੀਆਂ ਸੱਟਾਂ ਸ਼ਾਮਲ ਹਨ।

(h) ਜਦੋਂ ਸੰਭਵ ਹੋਵੇ, ਤਾਂ ਰੋਸ਼ਨੀ, ਮੌਸਮ, ਵਾਹਨ ਦੀ ਸਥਿਤੀ, ਕਵਰ ਦੇ ਬਿੰਦੂ, ਜਾਂ ਹੋਰ ਸੰਬੰਧਿਤ ਜਾਣਕਾਰੀ ਨੂੰ ਦਰਸਾਉਣ ਲਈ ਮੌਕੇ ਦੀ ਫ਼ੋਟੋ ਖਿੱਚੋ।

(i) ਜੇਕਰ ਅਫ਼ਸਰਾਂ ਨੇ ਸਰੀਰ 'ਤੇ ਪਹਿਨਣ ਵਾਲੇ ਕੈਮਰੇ ਲਗਾਏ ਸਨ, ਤਾਂ ਘਟਨਾ ਦੌਰਾਨ ਵਰਤੇ ਗਏ ਸਰੀਰਕ ਬਲ ਨਾਲ ਸੰਬੰਧਿਤ ਫੁਟੇਜ ਪ੍ਰਾਪਤ ਕਰੋ ਅਤੇ ਉਸਦੀ ਸਮੀਖਿਆ ਕਰੋ।

(j) ਇਹ ਯਕੀਨੀ ਬਣਾਓ ਕਿ ਸਰੀਰਕ ਬਲ ਦੀ ਵਰਤੋਂ ਨਾਲ ਸੰਬੰਧਿਤ ਸਾਰੇ ਸਬੂਤਾਂ ਦੀ ਛਾਣ-ਬੀਣ ਹੋਵੇਗੀ, ਉਹਨਾਂ ਨੂੰ ਇਕੱਤਰ ਅਤੇ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕੀਤਾ ਜਾਵੇਗਾ।

    i. ਕਿਸੇ ਵੀ ਤੀਜੀ-ਧਿਰ ਦੀ ਵੀਡੀਓ ਦੀ ਪਛਾਣ ਕਰੋ ਜਿਸ ਨੇ ਘਟਨਾ ਨੂੰ ਕੈਪਚਰ ਕੀਤਾ ਹੋ ਸਕਦਾ ਹੈ, ਇਸ ਵਿੱਚ ਘਟਨਾ ਸਥਾਨ 'ਤੇ ਮੌਜੂਦ ਨਿਗਰਾਨੀ ਕੈਮਰੇ ਅਤੇ ਨਿੱਜੀ ਘਰਾਂ ਦੇ ਕੈਮਰੇ ਸ਼ਾਮਲ ਹੋ ਸਕਦੇ ਹਨ, ਸਥਾਨਾਂ ਦੀ ਜਾਣਕਾਰੀ ਦਸਤਾਵੇਜ਼ਾਂ ਵਿੱਚ ਨੋਟ ਕਰੋ ਅਤੇ ਫੁਟੇਜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਫੁਟੇਜ ਦੇਖਣ ਜਾਂ ਪ੍ਰਾਪਤ ਕਰਨ ਵਿੱਚ ਅਸਮਰੱਥ ਹੋ, ਤਾਂ ਇਸ ਦਾ ਕਾਰਨ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰੋ। ਜੇਕਰ ਕੁਝ ਵੀ ਨਹੀਂ ਲੱਭਦਾ, ਤਾਂ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰੋ ਕਿ ਕੁਝ ਨਹੀਂ ਲੱਭਿਆ।

    ii. ECW ਦੀ ਵਰਤੋਂ ਕਰਨ ਤੋਂ ਬਾਅਦ, ਕਾਰਤੂਸ, ਪਰੋਬ, ਲੀਡ ਅਤੇ ECW ਡਾਟਾ ਡਾਊਨਲੋਡ ਦੀਆਂ ਕਾਪੀਆਂ ਇਕੱਤਰ ਕਰੋ।

(k) ਉਹਨਾਂ ਡਾਕਟਰੀ ਕਰਮਚਾਰੀਆਂ ਦੀ ਪਛਾਣ ਕਰੋ ਜਿਹਨਾਂ ਨੇ ਵਿਅਕਤੀ ਜਾਂ ਅਫ਼ਸਰ ਦੀ ਜਾਂਚ ਕੀਤੀ ਸੀ ਜਾਂ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਸੀ।

(l) ਕਿਸੇ ਵੀ ਦੁਰਵਿਹਾਰ ਜਾਂ ਸੰਭਾਵੀ ਅਪਰਾਧਿਕ ਵਿਵਹਾਰ ਦੀ ਰਿਪੋਰਟ ਤੁਰੰਤ ਢੁੱਕਵੇਂ ਕਮਾਂਡ ਸਟਾਫ ਨੂੰ ਕਰਨੀ ਚਾਹੀਦੀ ਹੈ।

(5) ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ: ਸਮੀਖਿਆ

(a) ਸੁਪਰਵਾਈਜ਼ਰ ਘਟਨਾ ਦੇ ਸਾਰੇ ਦਸਤਾਵੇਜ਼ਾਂ ਅਤੇ ਸਬੂਤਾਂ ਦੀ ਸੰਪੂਰਨਤਾ, ਸਟੀਕਤਾ ਅਤੇ ਸਮਾਂਬੱਧਤਾ ਨੂੰ ਯਕੀਨੀ ਬਣਾਉਂਦੇ ਹੋਏ ਸਮੇਂ ਸਿਰ ਉਹਨਾਂ ਦੀ ਸਮੀਖਿਆ ਕਰੇਗਾ। ਸੁਪਰਵਾਈਜ਼ਰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨਗੇ ਕਿ ਉਹਨਾਂ ਨੇ ਆਪਣੀ ਸਮੀਖਿਆ ਦੌਰਾਨ ਕਿਹੜੀਆਂ ਕਾਰਵਾਈਆਂ ਕੀਤੀਆਂ ਸਨ (ਉਦਾਹਰਨ ਲਈ, ਸਾਰੀਆਂ ਉਪਲਬਧ ਰਿਪੋਰਟਾਂ, ਏਜੰਸੀ ਦੁਆਰਾ ਰਿਕਾਰਡ ਕੀਤੇ ਵੀਡੀਓ, ਤੀਜੀ-ਧਿਰ ਦੀ ਵੀਡੀਓ, ਗਵਾਹਾਂ ਦੇ ਬਿਆਨਾਂ, ਫ਼ੋਟੋਆਂ, ਜਾਂਚ ਸੰਬੰਧੀ ਹੋਰ ਜਾਣਕਾਰੀ ਜਾਂ ਨਿਰੀਖਣ ਦੀ ਸਮੀਖਿਆ)।

(b) ਹੋਰ ਵੇਰਵੇ ਜਾਂ ਸਪਸ਼ਟੀਕਰਨ ਪ੍ਰਾਪਤ ਕਰਨ ਲਈ ਸੁਪਰਵਾਈਜ਼ਰ ਬਲ ਦੀ ਵਰਤੋਂ ਦੀਆਂ ਅਧੂਰੀ ਜਾਂ ਅਢੁੱਕਵੀਂ ਰਿਪੋਰਟਾਂ ਵਾਪਸ ਭੇਜੇਗਾ।

(c) ਸੁਪਰਵਾਈਜ਼ਰ ਇੱਕ ਸ਼ੁਰੂਆਤੀ ਲਿਖਤੀ ਸਿਫ਼ਾਰਸ਼ ਪੇਸ਼ ਕਰੇਗਾ ਕਿ ਬਲ ਦੀ ਵਰਤੋਂ ਏਜੰਸੀ ਦੀ ਨੀਤੀ ਦੀ ਪਾਲਣਾ ਕਰਦੀ ਸੀ ਜਾਂ ਨਹੀਂ। ਸੁਪਰਵਾਈਜ਼ਰ ਨੀਤੀ, ਸਿਖਲਾਈ, ਰਣਨੀਤਕ, ਸੁਪਰਵੀਜ਼ਨ, ਯੋਜਨਾਬੰਦੀ ਅਤੇ ਤਾਲਮੇਲ, ਬਲ ਦੇ ਵਿਕਲਪਾਂ ਦੀ ਚੋਣ, ਉਪਕਰਣ, ਅਤੇ ਘਟਨਾ ਤੋਂ ਬਾਅਦ ਦੇ ਰਵੱਈਏ ਅਤੇ ਘਟਨਾ ਦੁਆਰਾ ਉਠਾਏ ਗਏ ਪ੍ਰਦਰਸ਼ਨ ਦੇ ਮੁੱਦਿਆਂ ਦੀ ਪਛਾਣ ਕਰਨਗੇ ਅਤੇ ਇਹਨਾਂ ਚਿੰਤਾਵਾਂ ਅਤੇ ਸਿਫ਼ਾਰਸ਼ਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨਗੇ।

(d) ਸੁਪਰਵਾਈਜ਼ਰ ਬਲ ਦੀ ਵਰਤੋਂ ਦੀ ਸਮੀਖਿਆ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਗੇ ਅਤੇ ਕਮਾਂਡ ਦੀ ਲੜੀ ਦੀ ਸਮੀਖਿਆ ਲਈ ਆਪਣਾ ਮੁਲਾਂਕਣ, ਬਲ ਦੀ ਵਰਤੋਂ ਦੀਆਂ ਰਿਪੋਰਟਾਂ ਅਤੇ ਜਾਂਚ ਪ੍ਰਦਾਨ ਕਰਨਗੇ।

(6) ਕਮਾਂਡ ਸਮੀਖਿਆ

(a) ਕਮਾਂਡ ਦੀ ਲੜੀ ਵਿੱਚ ਹਰੇਕ ਸਮੀਖਿਅਕ ਬਲ ਦੀ ਵਰਤੋਂ ਦੀਆਂ ਰਿਪੋਰਟਾਂ ਅਤੇ ਜਾਂਚ ਦੀ ਸਟੀਕਤਾ, ਸੰਪੂਰਨਤਾ ਅਤੇ ਸਮਾਂਬੱਧਤਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ। ਹਰੇਕ ਸਮੀਖਿਅਕ ਆਪਣੀ ਰਾਏ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰੇਗਾ ਕਿ ਸਰੀਰਕ ਬਲ ਦੀ ਵਰਤੋਂ ਏਜੰਸੀ ਦੀ ਨੀਤੀ ਦੇ ਅਨੁਸਾਰ ਕੀਤੀ ਗਈ ਸੀ ਜਾਂ ਨਹੀਂ ਅਤੇ ਨੀਤੀ, ਸਿਖਲਾਈ, ਰਣਨੀਤਕ, ਉਪਕਰਣ ਜਾਂ ਘਟਨਾ ਤੋਂ ਬਾਅਦ ਉਠਾਏ ਗਏ ਮੁੱਦਿਆਂ ਦੀ ਪਛਾਣ ਕਰਨਗੇ ਅਤੇ ਇਹਨਾਂ ਚਿੰਤਾਵਾਂ ਅਤੇ ਸਿਫ਼ਾਰਸ਼ਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨਗੇ।

(b) ਅੰਤ ਵਿੱਚ, ਏਜੰਸੀ ਦਾ ਮੁਖੀ ਜਾਂ ਨਿਯੁਕਤ ਕੀਤਾ ਵਿਅਕਤੀ ਇਹ ਨਿਰਧਾਰਤ ਕਰੇਗਾ ਕਿ ਸਰੀਰਕ ਬਲ ਦੀ ਵਰਤੋਂ ਏਜੰਸੀ ਦੀ ਨੀਤੀ ਦੇ ਅਨੁਸਾਰ ਕੀਤੀ ਗਈ ਸੀ ਜਾਂ ਨਹੀਂ ਅਤੇ ਯਕੀਨੀ ਬਣਾਏਗਾ ਕਿ ਨੀਤੀ, ਸਿਖਲਾਈ, ਰਣਨੀਤਕ, ਸੁਪਰਵੀਜ਼ਨ, ਯੋਜਨਾਬੰਦੀ ਅਤੇ ਤਾਲਮੇਲ, ਬਲ ਦੇ ਵਿਕਲਪਾਂ ਦੀ ਚੋਣ, ਉਪਕਰਣ, ਅਤੇ ਘਟਨਾ ਤੋਂ ਬਾਅਦ ਦੇ ਰਵੱਈਏ ਅਤੇ ਘਟਨਾ ਦੁਆਰਾ ਉਠਾਏ ਗਏ ਪ੍ਰਦਰਸ਼ਨ ਦੇ ਮੁੱਦਿਆਂ ਨੂੰ ਹੱਲ ਕੀਤਾ ਗਿਆ ਹੋਵੇ।

(c) ਯਕੀਨੀ ਬਣਾਓ ਕਿ ਜਿਸ ਵਿਅਕਤੀ ਉੱਤੇ ਸਰੀਰਕ ਬਲ ਦੀ ਵਰਤੋਂ ਕੀਤੀ ਗਈ ਸੀ, ਉਸ ਵੱਲੋਂ ਜਾਂ ਹੋਰ ਵਿਅਕਤੀਆਂ ਵੱਲੋਂ ਕੀਤੀਆਂ ਗਈਆਂ ਦੁਰਵਿਹਾਰ ਦੀਆਂ ਸ਼ਿਕਾਇਤਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕੀਤਾ ਗਿਆ ਹੋਵੇ ਅਤੇ ਏਜੰਸੀ ਦੀਆਂ ਸ਼ਿਕਾਇਤ ਪ੍ਰਕਿਰਿਆਵਾਂ ਦੇ ਅਨੁਸਾਰ ਉਹਨਾਂ ਦੀ ਜਾਂਚ ਕੀਤੀ ਜਾਵੇ।

(d) ਜੇਕਰ ਬਲ ਦੀ ਵਰਤੋਂ ਦੀ ਸਮੀਖਿਆ ਅਪਰਾਧਿਕ ਵਿਵਹਾਰ ਜਾਂ ਨੀਤੀ ਦੀ ਉਲੰਘਣਾ ਦੇ ਦੋਸ਼ ਨੂੰ ਦਰਸਾਉਂਦੀ ਹੈ, ਤਾਂ ਕਮਾਂਡ ਸਟਾਫ ਨੂੰ ਉਚਿਤ ਸੂਚਨਾਵਾਂ ਅਤੇ ਰੈਫਰਲ ਜਾਰੀ ਕਰਨੀ ਚਾਹੀਦੀ ਹੈ, ਜਿਸ ਵਿੱਚ RCW 43.101.135 ਦੀਆਂ ਲੋੜਾਂ ਅਨੁਸਾਰ Criminal Justice Training Commission (CJTC, ਵਾਸ਼ਿੰਗਟਨ ਸਟੇਟ ਕ੍ਰਿਮੀਨਲ ਜਸਟਿਸ ਟਰੇਨਿੰਗ ਕਮਿਸ਼ਨ) ਨੂੰ ਰਿਪੋਰਟ ਕਰਨਾ ਵੀ ਸ਼ਾਮਲ ਹੈ।

(7) ਟ੍ਰੇਨਿੰਗ ਸਮੀਖਿਆ

ਇੱਕ ਏਜੰਸੀ ਦਾ ਟ੍ਰੇਨਿੰਗ ਇੰਸਟ੍ਰਕਟਰ ਰੁਝਾਨਾਂ ਨੂੰ ਨਿਰਧਾਰਤ ਕਰਨ ਅਤੇ ਸੇਵਾ-ਅਧੀਨ ਕਰਮਚਾਰੀਆਂ ਦੀ ਟ੍ਰੇਨਿੰਗ ਦੇ ਵਿਕਾਸ ਲਈ ਮਾਰਗਦਰਸ਼ਨ ਕਰਨ ਲਈ ਬਲ ਦੀ ਵਰਤੋਂ ਸੰਬੰਧੀ ਸਾਰੀਆਂ ਰਿਪੋਰਟਾਂ ਦੀ ਸਮੀਖਿਆ ਕਰੇਗਾ।

(8) ਘਾਤਕ ਫੋਰਸ ਦੀ ਪ੍ਰਸ਼ਾਸਨਿਕ ਜਾਂਚ

ਚੈਪਟਰ 43.102 RCW ਦੁਆਰਾ ਸਥਾਪਿਤ Office of Independent Investigations (ਸੁਤੰਤਰ ਜਾਂਚ ਦੇ ਦਫ਼ਤਰ) ਜਾਂ Washington Administrative Code (WAC, ਵਾਸ਼ਿੰਗਟਨ ਪ੍ਰਸ਼ਾਸਨਿਕ ਕੋਡ) 139-12 ਦੁਆਰਾ ਸਥਾਪਿਤ Independent Investigative Team (ਸੁਤੰਤਰ ਜਾਂਚ ਟੀਮ) ਦੁਆਰਾ ਸੰਚਾਲਿਤ, ਘਾਤਕ ਬਲ ਦੀ ਵਰਤੋਂ ਵਾਲੀਆਂ ਘਟਨਾਵਾਂ ਵਿੱਚ ਸ਼ਾਮਲ ਅਫ਼ਸਰ ਦੀ ਅਪਰਾਧਿਕ ਜਾਂਚ ਤੋਂ ਅਲੱਗ, ਅਪਰਾਧਿਕ ਜਾਂਚ ਤੋਂ ਬਾਅਦ, ਘਟਨਾ ਵਿੱਚ ਸ਼ਾਮਲ ਏਜੰਸੀ ਸਮੇਂ ਸਿਰ ਪ੍ਰਸ਼ਾਸਨਿਕ ਜਾਂਚ ਕਰੇਗੀ ਅਤੇ ਏਜੰਸੀ ਦੀ ਨੀਤੀ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਹੋਈ ਸੀ ਜਾਂ ਨਹੀਂ, ਇਹ ਨਿਰਧਾਰਤ ਕਰਨ ਲਈ ਘਾਤਕ ਬਲ ਦੀਆਂ ਘਟਨਾਵਾਂ ਦੀ ਸਮੀਖਿਆ ਕਰੇਗੀ ਅਤੇ ਟ੍ਰੇਨਿੰਗ ਦੀਆਂ ਜ਼ਰੂਰਤਾਂ ਦੀ ਪਛਾਣ ਕਰੇਗੀ। ਪ੍ਰਸ਼ਾਸਨਿਕ ਜਾਂਚ ਪੂਰੀ ਹੋਣ ਤੋਂ ਬਾਅਦ, ਘਟਨਾ ਵਿੱਚ ਸ਼ਾਮਲ ਏਜੰਸੀ ਨੂੰ Serious Incident Review Board (ਗੰਭੀਰ ਘਟਨਾ ਸਮੀਖਿਆ ਬੋਰਡ) ਨੂੰ ਸੱਦਣਾ ਚਾਹੀਦਾ ਹੈ।

# Serious Incident Review Board

ਕਾਨੂੰਨ ਲਾਗੂ ਕਰਨ ਵਾਲੀ ਹਰੇਕ ਏਜੰਸੀ ਨੂੰ ਗੰਭੀਰ ਘਟਨਾਵਾਂ ਦੀ ਸਮੀਖਿਆ ਕਰਨ ਲਈ ਇੱਕ Serious Incident Review Board (ਗੰਭੀਰ ਘਟਨਾ ਸਮੀਖਿਆ ਬੋਰਡ) ਕਾਇਮ ਰੱਖਣਾ ਚਾਹੀਦਾ ਹੈ, ਜਿਸ ਵਿੱਚ ਘਾਤਕ ਬਲ ਦੀ ਹਰ ਵਰਤੋਂ ਅਤੇ ਅਜਿਹੀ ਕੋਈ ਵੀ ਘਟਨਾ ਸ਼ਾਮਲ ਹੈ ਜਿਸ ਵਿੱਚ ਕਿਸੇ ਵਿਅਕਤੀ ਦੀ ਹਿਰਾਸਤ ਦੌਰਾਨ ਮੌਤ ਹੋ ਜਾਂਦੀ ਹੈ। ਸਮੀਖਿਆ ਦਾ ਉਦੇਸ਼ ਘਟਨਾ ਦਾ ਨਿਰਪੱਖ ਤੌਰ 'ਤੇ ਮੁਲਾਂਕਣ ਕਰਕੇ (1) ਇਹ ਯਕੀਨੀ ਬਣਾਉਣਾ ਹੈ ਕਿ ਅਫ਼ਸਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕਾਨੂੰਨੀ ਤੌਰ 'ਤੇ ਅਤੇ ਅਜਿਹੇ ਤਰੀਕੇ ਨਾਲ ਕੀਤੀ ਸੀ ਜੋ ਏਜੰਸੀ ਦੀਆਂ ਉਮੀਦਾਂ, ਸਿਖਲਾਈ, ਅਤੇ ਨੀਤੀ ਦੇ ਅਨੁਕੂਲ ਹੈ ਅਤੇ (2) ਕੀ ਕਿਸੇ ਕਿਸਮ ਟ੍ਰੇਨਿੰਗ ਜਾਂ ਨੀਤੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ।

ਇਹ ਅੰਦਰੂਨੀ ਸਮੀਖਿਆ ਪ੍ਰਕਿਰਿਆ, Office of Independent Investigations, Independent Investigative Team, ਜਾਂ ਘਟਨਾ ਦੀ ਜਾਂਚ ਜਾਂ ਮੁਲਾਂਕਣ ਦਾ ਅਧਿਕਾਰ ਰੱਖਣ ਵਾਲੀ ਹੋਰ ਬਾਹਰੀ ਇਕਾਈ ਦੁਆਰਾ ਕੀਤੀ ਗਈ ਕਿਸੇ ਹੋਰ ਜਾਂਚ ਤੋਂ ਇਲਾਵਾ ਹੋਣੀ ਚਾਹੀਦੀ ਹੈ।

ਏਜੰਸੀ ਲੀਡਰਸ਼ਿਪ ਦੀ ਸਵੈ-ਇੱਛਾ ਨਾਲ, ਸਰੀਰਕ ਬਲ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ ਵਰਗੀਆਂ ਸਥਿਤੀਆਂ ਦੀ ਸਮੀਖਿਆ ਕਰਨ ਲਈ Serious Incident Review Board ਨੂੰ ਸੱਦਿਆ ਜਾ ਸਕਦਾ ਹੈ।

(1) **ਗਠਨ**

ਜਿੱਥੇ ਸੰਭਵ ਹੋਵੇ, ਬੋਰਡ ਵਿੱਚ ਘੱਟੋ-ਘੱਟ ਨਿਮਨਲਿਖਤ ਸ਼ਾਮਲ ਹੋਣੇ ਚਾਹੀਦੇ ਹਨ:

(a) ਏਜੰਸੀ ਦਾ ਲੀਡਰ ਜਾਂ ਉਹਨਾਂ ਦੇ ਉੱਚ ਦਰਜੇ ਦੇ ਕਰਮਚਾਰੀ;
(b) ਇੱਕ ਹੋਰ ਕਮਾਂਡ ਸਟਾਫ ਮੈਂਬਰ ਜਾਂ ਕਰਮਚਾਰੀ ਜੋ ਘਟਨਾ ਵਿੱਚ ਸ਼ਾਮਲ ਨਹੀਂ ਸੀ;
(c) ਟ੍ਰੇਨਿੰਗ ਦੇਣ ਵਾਲਾ ਕਰਮਚਾਰੀ; ਅਤੇ
(d) ਸਥਾਨਕ ਅਧਿਕਾਰ ਖੇਤਰ ਤੋਂ ਇੱਕ ਭਾਈਚਾਰੇ ਦਾ ਮੈਂਬਰ ਜੋ ਅਫ਼ਸਰ ਨਹੀਂ ਹੈ।

(2) **ਦਾਇਰੇ ਅਤੇ ਜ਼ਿੰਮੇਵਾਰੀਆਂ**

ਘਟਨਾ ਦੇ ਸਾਰੇ ਬਿਆਨਾਂ, ਇੰਟਰਵਿਊਆਂ, ਰਿਪੋਰਟਾਂ ਅਤੇ ਸਬੂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, Serious Incident Review Board ਨੂੰ ਘਟਨਾ ਦੇ ਸਾਰੇ ਪਹਿਲੂਆਂ ਦਾ ਮੁਲਾਂਕਣ ਕਰਨ ਅਤੇ ਰਣਨੀਤੀਆਂ, ਟ੍ਰੇਨਿੰਗ, ਨੀਤੀ ਅਤੇ ਉਪਕਰਣ ਦੇ ਦ੍ਰਿਸ਼ਟੀਕੋਣਾਂ ਤੋਂ ਸਿਫ਼ਾਰਸ਼ਾਂ ਦੇਣ ਦਾ ਕਾਰਜ ਸੌਂਪਿਆ ਗਿਆ ਹੈ।

ਉਹ ਖੇਤਰ ਜਿਹਨਾਂ 'ਤੇ ਬੋਰਡ ਨੂੰ ਵਿਚਾਰ ਕਰਨਾ ਚਾਹੀਦਾ ਹੈ, ਉਹਨਾਂ ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:

(a) ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਸੰਚਾਰ ਅਤੇ ਯੋਜਨਾਬੰਦੀ ਸਮੇਤ ਰਣਨੀਤਕ ਫ਼ੈਸਲੇ ਲੈਣਾ;
(b) ਕਿਸ ਹੱਦ ਤੱਕ ਅਫ਼ਸਰਾਂ ਨੇ ਡੀ-ਐਸਕੇਲੇਸ਼ਨ ਰਣਨੀਤੀਆਂ ਦੀ ਵਰਤੋਂ ਕੀਤੀ;
(c) ਮੌਕੇ 'ਤੇ ਜਾਂ ਦੂਰੋਂ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਨਿਗਰਾਨੀ ਦੀ ਪ੍ਰਭਾਵਸ਼ੀਲਤਾ;
(d) ਰੇਡੀਓ (ਡਿਸਪੈਚਰ ਸਮੇਤ) ਸੰਚਾਰਾਂ ਦੀ ਪ੍ਰਭਾਵਸ਼ੀਲਤਾ;
(e) ਉਚਿਤ ਉਪਕਰਣਾਂ ਦੀ ਪ੍ਰਭਾਵਸ਼ੀਲਤਾ ਅਤੇ ਉਪਲਬਧਤਾ;
(f) ਕੀ ਮੌਜੂਦਾ ਨੀਤੀ ਨੇ ਘਟਨਾ ਵਿੱਚ ਸ਼ਾਮਲ ਅਫ਼ਸਰਾਂ ਨੂੰ ਲੋੜੀਂਦਾ ਮਾਰਗਦਰਸ਼ਨ ਪ੍ਰਦਾਨ ਕੀਤਾ ਹੈ;
(g) ਮੌਜੂਦਾ ਹਾਲਾਤਾਂ ਦੇ ਲਈ ਅਫ਼ਸਰਾਂ ਨੂੰ ਤਿਆਰ ਕਰਨ ਲਈ ਮੌਜੂਦਾ ਸਿਖਲਾਈ ਦੀ ਯੋਗਤਾ;
(h) ਘਟਨਾ ਤੋਂ ਬਾਅਦ ਦੇ ਫ਼ੈਸਲੇ ਲੈਣਾ, ਇਸ ਵਿੱਚ ਸ਼ਾਮਲ ਹੈ ਕਿ ਮੌਕੇ 'ਤੇ ਮੌਜੂਦ ਅਫ਼ਸਰਾਂ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਬਚਾਅ ਮੋਡ ਵਿੱਚ ਆ ਗਏ ਸਨ ਅਤੇ ਫਸਟ ਏਡ ਪ੍ਰਦਾਨ ਕੀਤੀ ਜਾਂ ਮੁਹੱਈਆ ਕਰਵਾਈ ਸੀ;
(i) ਸਿਹਤ ਸੰਭਾਲ ਪੇਸ਼ੇਵਰਾਂ ਨਾਲ ਸੰਚਾਰ (ਉਦਾਹਰਨ ਲਈ, Emergency Medical Technicians (EMT, ਐਮਰਜੈਂਸੀ ਮੈਡੀਕਲ ਟੈਕਨੀਸ਼ੀਅਨ), ਪੈਰਾਮੈਡਿਕ);
(j) ਘਟਨਾ ਬਾਰੇ ਸੂਚਿਤ ਕਰਨ ਲਈ ਜ਼ਖਮੀ ਵਿਅਕਤੀਆਂ ਦੇ ਪਰਿਵਾਰ ਨਾਲ ਸੰਚਾਰ ਦੀ ਪ੍ਰਭਾਵਸ਼ੀਲਤਾ;
(k) ਬਲ ਦੀ ਵਰਤੋਂ ਤੋਂ ਬਾਅਦ ਸੁਪਰਵਾਈਜ਼ਰੀ ਦਾ ਪ੍ਰਦਰਸ਼ਨ, ਇਸ ਵਿੱਚ ਸਬੂਤ ਨੂੰ ਸੰਭਾਲਣਾ ਅਤੇ ਗਵਾਹ ਦੀ ਪਛਾਣ ਕਰਨਾ ਸ਼ਾਮਲ ਹੈ; ਅਤੇ
(l) ਘਟਨਾ ਦੀਆਂ ਰਿਪੋਰਟਾਂ ਦੀ ਗੁਣਵੱਤਾ।

(3) **ਕਾਰਵਾਈ ਆਈਟਮਾਂ**

(a) Review Board ਦੇ ਕੋਲ ਬੋਰਡ ਦੀਆਂ ਚਰਚਾਵਾਂ ਦੇ ਸਿੱਟੇ ਵਜੋਂ ਮਿਲਣ ਵਾਲੀਆਂ ਸਾਰੀਆਂ ਸਿਫ਼ਾਰਸ਼ਾਂ ਅਤੇ ਕਾਰਵਾਈਆਂ ਨੂੰ ਦਸਤਾਵੇਜ਼ੀ ਰੂਪ ਵਿੱਚ ਰਿਕਾਰਡ ਕਰਨ, ਲਾਗੂ ਕਰਨ ਅਤੇ ਨਿਗਰਾਨੀ ਕਰਨ ਲਈ ਇੱਕ ਰਸਮੀ ਪ੍ਰਕਿਰਿਆ ਹੋਣੀ ਚਾਹੀਦੀ ਹੈ, ਜੋ ਕਿ ਜਦੋਂ ਸੰਭਵ ਹੋਵੇ, ਜਨਤਾ ਨੂੰ ਪਾਰਦਰਸ਼ਤਾ ਪ੍ਰਦਾਨ ਕਰ ਸਕੇ।

(b) Review Board ਦੀ ਹਰੇਕ ਮੀਟਿੰਗ ਦੀ ਸਮਾਪਤੀ ਉੱਤੇ, ਬੋਰਡ ਨੂੰ ਸਮੀਖਿਆ ਬੋਰਡ ਦੁਆਰਾ ਪਛਾਣੇ ਗਏ ਸਾਰੇ ਮੁੱਦਿਆਂ ਦੀ ਵਿਆਖਿਆ, ਘਟਨਾ ਵਿੱਚ ਸ਼ਾਮਲ ਅਫ਼ਸਰਾਂ, ਗਵਾਹ ਅਫ਼ਸਰਾਂ, ਅਤੇ ਮੌਕੇ 'ਤੇ ਮੌਜੂਦ ਸੁਪਰਵਾਈਜ਼ਰਾਂ ਨੂੰ ਕਰਨ ਲਈ ਇੱਕ ਮੈਂਬਰ ਨਿਯੁਕਤ ਕਰਨਾ ਚਾਹੀਦਾ ਹੈ।

(c) Review Board ਨੂੰ ਸਿੱਖੇ ਗਏ ਸਬਕ ਬਾਰੇ ਸਾਰੇ ਏਜੰਸੀ ਕਰਮਚਾਰੀਆਂ ਨੂੰ ਦੱਸਣਾ ਚਾਹੀਦਾ ਹੈ।

## ਬਲ ਦੀਆਂ ਘਟਨਾਵਾਂ ਅਤੇ ਬਲ ਸਮੀਖਿਆ ਪ੍ਰਕਿਰਿਆ ਦੇ ਸੁਤੰਤਰ ਆਡਿਟ

ਏਜੰਸੀਆਂ ਨੂੰ ਗੰਭੀਰ ਸਰੀਰਕ ਅਤੇ ਘਾਤਕ ਬਲ ਦੀਆਂ ਘਟਨਾਵਾਂ ਦੀ ਸਮੀਖਿਆ ਕਰਨ ਲਈ ਇੱਕ ਸੁਤੰਤਰ ਆਡੀਟਰ ਨੂੰ ਨਿਯੁਕਤ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜੋ ਅੰਦਰੂਨੀ ਜਾਂ ਬਾਹਰੀ ਤੌਰ 'ਤੇ ਚਿੰਤਾਵਾਂ ਜਾਹਰ ਕਰਦੇ ਹਨ। ਏਜੰਸੀਆਂ ਨੂੰ ਸਮੇਂ-ਸਮੇਂ 'ਤੇ ਇੱਕ ਸੁਤੰਤਰ ਆਡੀਟਰ ਨੂੰ ਨਿਯੁਕਤ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਏਜੰਸੀ ਦੀਆਂ ਬਲ ਦੀ ਵਰਤੋਂ ਸੰਬੰਧੀ ਨੀਤੀਆਂ ਅਤੇ ਉਹਨਾਂ ਦੇ ਅਫ਼ਸਰਾਂ ਦੁਆਰਾ ਬਲ ਦੀ ਵਰਤੋਂ ਸੰਬੰਧੀ ਉਮੀਦਾਂ ਨੂੰ ਟ੍ਰੇਨਿੰਗ ਅਤੇ ਏਜੰਸੀ ਦੀ ਬਲ ਸਮੀਖਿਆ ਪ੍ਰਕਿਰਿਆ ਰਾਹੀਂ ਕਿਸ ਹੱਦ ਤੱਕ ਲਾਗੂ ਕੀਤਾ ਜਾ ਰਿਹਾ ਹੈ। ਸੁਤੰਤਰ ਆਡੀਟਰਾਂ ਦੀਆਂ ਖੋਜਾਂ ਅਤੇ ਸਿਫ਼ਾਰਸ਼ਾਂ ਨੂੰ ਇੱਕ ਜਨਤਕ ਰਿਪੋਰਟ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ।

ਏਜੰਸੀਆਂ ਨੂੰ ਅਜਿਹੀ ਕੋਈ ਵੀ ਸਮੀਖਿਆ ਜਾਂ ਜਾਂਚ ਕਰਨ ਵਾਲੇ ਸੁਤੰਤਰ ਆਡੀਟਰਾਂ ਨੂੰ ਸਾਰੇ ਸੰਬੰਧਿਤ ਦਸਤਾਵੇਜ਼ਾਂ ਤੱਕ ਨਿਰਵਿਘਨ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ।